# ਗੁਰੂ ਗਰੰਥ ਸਾਹਿਬ ਅਨੁਸਾਰ ਨਾਮੁ ਕੀ ਹੈ (ਨਾਮੁ, ਭਾਗ ੧)

# What is Naam according to Guru Granth Sahib (Naam, Part 1)

ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਦੀਆਂ ਸਿਖਿਆਵਾਂ ਨਾਲ ਅਸੀਂ ਨਿਸਚੇ ਨਾਲ ਸਮਝ ਸਕਦੇ ਹਾਂ, ਕਿ ਜਿਥੇ ਅਕਾਲ ਪੁਰਖੁ ਦਾ ਨਾਮੁ ਹੁਕਮੁ ਹੈ, ਸਬਦ ਹੈ, ਸਚੁ ਹੈ, ਉਥੇ ਅਕਾਲ ਪੁਰਖੁ ਦਾ ਨਾਮੁ ਬਹੁਤ ਮਿਠਾ ਵੀ ਹੈ, ਅੰਤਿਅੰਤ ਰਸੁ ਵਾਲਾ ਹੈ, ਅੰਮ੍ਰਿਤ ਹੈ, ਤੇ ਨਿਰਮਲੁ ਜਲੁ ਦੀ ਤਰ੍ਹਾਂ ਵੀ ਹੈ। ਅਕਾਲ ਪੁਰਖੁ ਦਾ ਨਾਮੁ ਪੂਰੀ ਸ੍ਰਿਸ਼ਟੀ ਅੰਦਰ ਗੁਪਤ ਰੂਪ ਵਿਚ ਵਰਤ ਰਿਹਾ ਹੈ ਤੇ ਗੁਰਮੁਖਾਂ ਦੇ ਹਿਰਦੇ ਵਿਚ ਪ੍ਰਗਟ ਵੀ ਹੋ ਰਿਹਾ ਹੈ।

ਅਕਾਲ ਪੁਰਖ ਦਾ ਨਾਮੁ ਹੀ ਅੰਮ੍ਰਿਤ ਹੈ, ਜਿਹੜਾ ਕਿ ਸਬਦ ਗੁਰੁ ਦੀ ਸੰਗਤਿ ਵਿਚ ਰਹਿ ਕੇ ਆਪਣੇ ਅੰਦਰ ਵੇਖਿਆ ਜਾ ਸਕਦਾ ਹੈ। ਸਾਰੀ ਸ੍ਰਿਸ਼ਟੀ ਵਿਚ, ਅਕਾਲ ਪੁਰਖ ਦਾ ਹੁਕਮੁ ਵੀ ਚੱਲ ਰਿਹਾ ਹੈ, ਨਾਮੁ ਵੀ ਵੱਜ ਰਿਹਾ ਹੈ, ਤੇ ਸਬਦ ਵੀ ਵਰਤ ਰਿਹਾ ਹੈ।

ਗੁਰਬਾਣੀ ਅਨੁਸਾਰ ਨਾਮੁ, ਹੁਕਮੁ, ਸਬਦ ਤੇ ਸਚੁ ਦਾ ਆਪਸੀ ਸਬੰਧ ਹੈ, ਇਨ੍ਹਾਂ ਵਿੱਚ ਜਿਆਦਾ ਅੰਤਰ ਨਹੀਂ।

ਅਕਾਲ ਪੁਰਖੁ ਅੱਖਰਾਂ ਦੇ ਅਧੀਨ ਨਹੀਂ ਹੈ, ਤੇ ਨਾ ਹੀ ਅਕਾਲ ਪੁਰਖੁ ਦੇ ਨਾਮੁ ਦਾ ਅੰਤ ਪਾਇਆ ਜਾ ਸਕਦਾ ਹੈ। ਅਕਾਲ ਪੁਰਖੁ ਨਾਲ ਸਬੰਧ ਸਬਦ ਗੁਰੂ ਦੁਆਰਾ ਦਿਤੀ ਗਈ ਸਿਖਿਆ ਨੂੰ ਪੜ੍ਹ ਕੇ, ਸੁਣ ਕੇ, ਅਮਲੀ ਜੀਵਨ ਵਿਚ ਅਪਨਾ ਕੇ, ਤੇ ਸਦੀਵੀ ਸਾਂਝ ਕਾਇਮ ਕਰਕੇ ਹੀ ਜੋੜਿਆ ਜਾ ਸਕਦਾ ਹੈ।

ਗੁਰੂ ਨਾਨਕ ਸਾਹਿਬ ਨੇ ਅਕਾਲ ਪੁਰਖ ਦੀ ਪਰਿਭਾਸ਼ਾ ਕਲਪਨਾਂ ਦੇ ਆਧਾਰ ਤੇ ਨਹੀਂ ਦਿਤੀ, ਬਲਕਿ ਪੂਰਨ, ਉਚੇ ਪੱਧਰ ਦੀ ਸਇੰਸ ਦੇ ਆਧਾਰ ਤੇ ਦਿੱਤੀ ਹੈ।

ਅਸੀਂ ਆਪਸੀ ਸਮਝ ਸਹੂਲਤ ਤੇ ਸਾਂਝ ਕਰਨ ਲਈ "ਅਕਾਲ ਪੁਰਖੁ" ਨਾਂ ਵਰਤ ਸਕਦੇ ਹਾਂ, ਜਿਸ ਤਰ੍ਹਾਂ ਕਿ ਗੁਰੂ ਸਾਹਿਬਾਂ ਨੇ ਵੀ ਗੁਰੂ ਗਰੰਥ ਸਾਹਿਬ ਵਿਚ ੨ ਵਾਰੀ ਵਰਤਿਆ ਹੈ।

ਅਸਲੀ ਮਨੁੱਖ ਉਹੀ ਹੈ ਜੋ ਅਕਾਲ ਪੁਰਖੁ ਦੇ ਹੁਕਮੁ ਨੂੰ ਸਮਝਣ ਦੀ ਦਿਸ਼ਾ ਵਲ ਜਾਂਦਾ ਹੈ ਤੇ ਇਕ ਅਕਾਲ ਪੁਰਖ ਨਾਲ ਸਾਂਝ ਪਾਂਦਾ ਹੈ।

ਸਰਲ ਭਾਸ਼ਾ ਵਿਚ ਅਸੀਂ ਕਹਿ ਸਕਦੇ ਹਾਂ ਕਿ ਜੁਗੋ ਜੁਗ ਅਟੱਲ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਹੀ ਨਾਮੁ ਹੈ। ਜੇ ਕਰ ਅਸੀਂ ਨਾਮੁ ਨੂੰ ਸਮਝਣਾ ਤੇ ਪਾਣਾ ਚਾਹੁੰਦੇ ਹਾਂ ਤਾਂ ਸਾਨੂੰ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਵਿਚੋਂ ਹੀ ਖੋਜਣਾ ਪਵੇਗਾ।

"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"

For details please download the articles from the following website:

http://www.geocities.ws/sarbjitsingh/
http://www.geocities.ws/sarbjitsingh/GurbaniIndexGurmukhi.htm
http://www.geocities.ws/sarbjitsingh/GurbaniIndexEnglish.htm